UK Health Security Agency

NHS

# ਵੈਕਸੀਨਾਂ ਅਤੇ ਪੋਰਸਿਨ ਜਿਲੇਟਿਨ

## ਇਹ ਪਰਚਾ ਦੱਸਦਾ ਹੈ ਕਿ ਵੈਕਸੀਨਾਂ ਵਿੱਚ ਪੋਰਸਿਨ ਜਿਲੇਟਿਨ ਦੀ ਵਰਤੋਂ ਕਿਵੇਂ ਅਤੇ ਕਿਉਂ ਕੀਤੀ ਜਾਂਦੀ ਹੈ

ਕੁਝ ਵੈਕਸੀਨਾਂ ਵਿੱਚ ਸੂਰ ਦਾ ਮਾਸ ਹੋਣ ਦੇ ਮੁੱਦੇ ਨੇ ਕਈ ਲੋਕਾਂ ਦੀਆਂ ਚਿੰਤਾਵਾਂ ਵਧਾ ਦਿੱਤੀਆਂ ਹਨ।

ਇਹ ਪਰਚਾ ਅਜਿਹੀਆਂ ਵੈਕਸੀਨਾਂ ਬਾਰੇ ਜਾਣਕਾਰੀ ਦੇਣ ਲਈ ਤਿਆਰ ਕੀਤਾ ਗਿਆ ਹੈ, ਜਿਨ੍ਹਾਂ ਵਿੱਚ ਇਹ ਉਤਪਾਦ ਪਾਇਆ ਜਾਂਦਾ ਹੈ ਅਤੇ ਇਹਨਾਂ ਵੈਕਸੀਨਾਂ ਦਾ ਵਿਕਲਪ ਕੀ ਹੋ ਸਕਦਾ ਹੈ।

### ਜਿਲੇਟਿਨ ਕੀ ਹੁੰਦਾ ਹੈ?

ਜਿਲੇਟਿਨ ਇੱਕ ਅਜਿਹਾ ਪਦਾਰਥ ਹੈ, ਜੋ ਚਿਕਨ, ਪਸ਼ੂ, ਸੂਰ ਅਤੇ ਮੱਛੀ ਜਿਹੇ ਜਾਨਵਰਾਂ ਦੇ ਕੋਲੇਜਨ ਤੋਂ ਤਿਆਰ ਕੀਤਾ ਜਾਂਦਾ ਹੈ। ਇਹ ਕੋਲੇਜਨ ਪੱਠਿਆਂ, ਪਸਲੀਆਂ, ਪਿੰਜਰ ਅਤੇ ਪੋਲੀ ਹੱਡੀਆਂ ਵਿੱਚ ਪਾਇਆ ਜਾਂਦਾ ਹੈ। ਪੋਰਸਿਨ ਜਿਲੇਟਿਨ ਸੂਰਾਂ ਦੇ ਕੋਲੇਜਨ ਤੋਂ ਮਿਲਦਾ ਹੈ। ਦਵਾਈਆਂ ਲਈ ਵਰਤੇ ਜਾਂਦੇ ਹਰ ਕਿਸਮ ਦੇ ਜਿਲੇਟਿਨ ਨੂੰ ਬਹੁਤ ਜਿਆਦਾ ਸਾਫ਼-ਸਫਾਈ ਅਤੇ ਸੁਰੱਖਿਆ ਨਿਯਮਾਂ ਹੇਠ ਬਣਾਇਆ ਜਾਂਦਾ ਹੈ।

### ਵੈਕਸੀਨਾਂ ਵਿੱਚ ਪੋਰਸਿਨ ਜਿਲੇਟਿਨ ਦੀ ਵਰਤੋਂ ਕਿਉਂ ਕੀਤੀ ਜਾਂਦੀ ਹੈ?

ਜਿਲੇਟਿਨ ਦੀ ਵਰਤੋਂ ਕਈ ਕਿਸਮ ਦੀਆਂ ਦਵਾਈਆਂ ਵਿੱਚ ਕੀਤੀ ਜਾਂਦੀ ਹੈ, ਜਿਸ ਵਿੱਚ ਕਈ ਕੈਪਸੂਲ ਅਤੇ ਅਤੇ ਕੁਝ ਵੈਕਸੀਨਾਂ ਸ਼ਾਮਲ ਹਨ। ਵੈਕਸੀਨਾਂ ਵਿੱਚ ਪੋਰਸਿਨ ਜਿਲੇਟਿਨ ਦੀ ਵਰਤੋਂ ਇੱਕ ਸਥਿਰਕ (ਸਟੈਬਲਾਈਜ਼ਰ) ਦੇ ਤੌਰ ਤੇ ਕੀਤੀ ਜਾਂਦੀ ਹੈ - ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਭੰਡਾਰਨ ਦੌਰਾਨ ਵੈਕਸੀਨ ਦੀ ਸੁਰੱਖਿਆ ਅਤੇ ਅਸਰ ਬਣੇ ਰਹਿਣ। ਵੈਕਸੀਨ ਬਣਾਉਣ ਵਾਲੇ ਆਮ ਤੌਰ ਤੇ ਕਈ ਕਿਸਮ ਦੇ ਸਥਿਰਕਾਂ (ਸਟੈਬਲਾਈਜ਼ਰਾਂ) ਦੀ ਜਾਂਚ ਕਰਦੇ ਹਨ ਅਤੇ ਕੋਈ ਇੱਕ ਅਜਿਹਾ ਚੁਣਦੇ ਹਨ, ਜੋ ਸਥਿਰ ਹੁੰਦਾ ਹੈ, ਜਿਸ ਦੀ ਗੁਣਵੱਤਾ ਚੰਗੀ ਹੁੰਦੀ ਹੈ ਅਤੇ ਜੋ ਕਾਫੀ ਮਾਤਰਾ ਵਿੱਚ ਉਪਲਬਧ ਹੁੰਦਾ ਹੈ। ਭੋਜਨਾਂ ਵਿੱਚ ਵਰਤੇ ਜਾਂਦੇ ਜਿਲੇਟਿਨ ਦੇ ਉਲਟ, ਵੈਕਸੀਨਾਂ ਵਿੱਚ ਵਰਤਿਆ ਜਾਂਦਾ ਜਿਲੇਟਿਨ ਬਹੁਤ ਜਿਆਦਾ ਸ਼ੁੱਧ ਹੁੰਦਾ ਹੈ ਅਤੇ ਪੈਪਟਾਈਡ ਨਾਮਕ ਬਹੁਤ ਛੋਟੇ-ਛੋਟੇ ਅਣੂਆਂ ਵਿੱਚ ਟੁੱਟਿਆ ਹੁੰਦਾ ਹੈ।

### ਵੈਕਸੀਨਾਂ ਨੂੰ ਕਿਸੇ ਹੋਰ ਸਥਿਰਕ (ਸਟੈਬਲਾਈਜ਼ਰ) ਜਾਂ ਕਿਸੇ ਹੋਰ ਕਿਸਮ ਦੇ ਜਿਲੇਟਿਨ ਨਾਲ ਕਿਉਂ ਨਹੀਂ ਬਣਾਇਆ ਜਾ ਸਕਦਾ?

ਕੋਈ ਵੀ ਵੈਕਸੀਨ ਤਿਆਰ ਕਰਨ ਲਈ ਕਈ ਸਾਲਾਂ ਤੱਕ ਪ੍ਰਯੋਗਸ਼ਾਲਾ ਪਰੀਖਣ ਅਤੇ ਕਲੀਨਿਕਲ ਅਧਿਐਨ ਕਰਨੇ ਪੈਂਦੇ ਹਨ, ਤਾਂ ਜੋ ਇਸ ਦੀ ਸੁਰੱਖਿਆ ਅਤੇ ਇਸ ਦੇ ਅਸਰ ਨੂੰ ਯਕੀਨੀ ਬਣਾਇਆ ਜਾ ਸਕੇ। ਨਿਰਮਾਤਾ ਦੇ ਵੈਕਸੀਨ ਲਈ ਸਥਿਰਕ (ਸਟੈਬਲਾਈਜ਼ਰ) ਚੁਣ ਲੈਣ ਤੋਂ ਬਾਅਦ, ਇਸ ਵਿੱਚ ਕਿਸੇ ਕਿਸਮ ਦਾ ਬਦਲਾਅ ਦਾ ਮਤਲਬ ਹੈ ਕਿ ਵੈਕਸੀਨ ਦੀ ਸੁਰੱਖਿਆ ਅਤੇ ਅਸਰ ਤੇ ਇਸ ਬਦਲਾਅ ਦਾ ਕੋਈ ਅਸਰ ਨਹੀਂ ਪਿਆ ਹੈ, ਇਹ ਸਾਬਤ ਕਰਨ ਲਈ ਕਈ ਪ੍ਰਯੋਗਸ਼ਾਲਾ ਅਤੇ ਕਲੀਨਿਕਲ ਅਧਿਐਨ ਕਰਨੇ ਪੈ ਸਕਦੇ ਹਨ। ਇਸੇ ਕਰਕੇ, ਕਿਸੇ ਹੋਰ ਸਥਿਰਕ (ਸਟੈਬਲਾਈਜ਼ਰ) ਨਾਲ ਕੋਈ ਨਵੀਂ ਸੁਰੱਖਿਅਤ ਅਤੇ ਅਸਰਦਾਰ ਵੈਕਸੀਨ ਤਿਆਰ ਕਰਨ ਵਿੱਚ ਕਈ ਸਾਲ ਲੱਗ ਸਕਦੇ ਹਨ ਜਾਂ ਸ਼ਾਇਦ ਇੰਝ ਕਦੇ ਵੀ ਨਾ ਹੋਵੇ।

### ਕਿਹੜੀਆਂ-ਕਿਹੜੀਆਂ ਵੈਕਸੀਨਾਂ ਵਿੱਚ ਪੋਰਸਿਨ ਜਿਲੇਟਿਨ ਹੁੰਦਾ ਹੈ?

ਯੂਕੇ ਦੇ ਆਮ ਟੀਕਾਕਰਣ ਪ੍ਰੋਗਰਾਮਾਂ ਵਿੱਚ, ਅਜਿਹੀਆਂ ਤਿੰਨ ਵੈਕਸੀਨਾਂ ਹਨ, ਜਿਨ੍ਹਾਂ ਵਿੱਚ ਪੋਰਸਿਨ ਜਿਲੇਟਿਨ ਹੁੰਦਾ ਹੈ:

- Fluenz® Tetra ਇੱਕ ਕਿਸਮ ਦੀ ਨੱਕ ਰਾਹੀਂ ਸਪ੍ਰੇ ਹੋਣ ਵਾਲੀ ਵੈਕਸੀਨ ਹੈ ਜੋ ਬੱਚਿਆਂ ਨੂੰ ਫਲੂ ਤੋਂ ਬਚਾਉਂਦੀ ਹੈ
- MMR VaxPro®, ਇਹ ਵੈਕਸੀਨ ਖਸਰੇ, ਕਨੇਡੂ ਅਤੇ ਰੂਬੇਲਾ ਤੋਂ ਬਚਾਉਂਦੀ ਹੈ
- Zostavax®, ਇਹ ਵੈਕਸੀਨ ਬਜ਼ੁਰਗਾਂ ਨੂੰ ਦੱਦ ਤੋਂ ਬਚਾਉਂਦੀ ਹੈ।

## ਫੇਥ (ਧਾਰਮਿਕ ਵਿਸ਼ਵਾਸਾਂ ਵਾਲੀਆਂ) ਕਮਿਊਨਿਟੀਆਂ ਦਾ ਕੀ ਕਹਿਣਾ ਹੈ?

- ਪਬਲਿਕ ਹੈਲਥ ਇੰਗਲੈਂਡ (PHE) ਨੇ ਕਸ਼ਰੂਟ ਅਤੇ ਦਵਾਈ ਜਾਣਕਾਰੀ ਸੇਵਾ ਨਾਲ ਸਲਾਹ-ਮਸ਼ਵਰਾ ਕੀਤਾ ਹੈ ਅਤੇ ਉਨ੍ਹਾਂ ਦਾ ਕਹਿਣਾ ਹੈ ਕਿ:

ਇਸ ਗੱਲ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਕਿ ਜਿਊਸ਼ ਕਨੂੰਨਾਂ ਮੁਤਾਬਕ, ਮੂੰਹ ਰਾਹੀਂ ਨਾ ਲਏ ਜਾਣ ਵਾਲੇ ਉਤਪਾਦਾਂ ਵਿੱਚ ਪੋਰਸਿਨ ਜਾਂ ਕਿਸੇ ਹੋਰ ਜਾਨਵਰ ਤੋਂ ਲਈ ਗਈ ਸਮੱਗਰੀ ਨਾਲ ਕੋਈ ਦਿੱਕਤ ਨਹੀਂ ਹੈ। ਇਸ ਵਿੱਚ ਨੱਕ, ਟੀਕੇ, ਬੱਤੀਆਂ, ਕਰੀਮਾਂ ਅਤੇ ਮਲ੍ਹਮਾਂ ਰਾਹੀਂ ਦਿੱਤੀਆਂ ਜਾਂਦੀਆਂ ਵੈਕਸੀਨਾਂ ਸਮੇਤ ਵੈਕਸੀਨਾਂ ਸ਼ਾਮਲ ਹਨ।

- ਹਾਲਾਂਕਿ, PHE ਇਸ ਗੱਲ ਨੂੰ ਵੀ ਸਵੀਕਾਰ ਕਰਦਾ ਹੈ ਕਿ ਬ੍ਰਿਟਿਸ਼ ਮੁਸਲਮਾਨ ਅਤੇ ਜਿਊਸ਼ ਭਾਈਚਾਰੇ ਵਿਚਕਾਰ ਵੀ ਭਿੰਨਤਾ ਹੈ ਅਤੇ ਉਹ ਅਤੇ ਕੁਝ ਹੋਰ ਸਮੂਹ ਪੋਰਸਿਨ ਸ਼ਾਮਲ ਉਤਪਾਦਾਂ ਵਾਲੀਆਂ ਦਵਾਈਆਂ ਜਾਂ ਵੈਕਸੀਨਾਂ ਤੇ ਪਾਬੰਦੀ ਲਗਾ ਸਕਦੇ ਹਨ। ਅਜਿਹੇ ਹਾਲਾਤਾਂ ਵਿੱਚ, ਇਹ ਸੰਭਾਵਨਾ ਹੈ ਕਿ ਅਜਿਹਾ ਵਿਅਕਤੀ ਕਈ ਫਾਰਮੇਸੀ ਉਤਪਾਦਾਂ ਨੂੰ ਸਵੀਕਾਰ ਨਹੀਂ ਕਰ ਸਕੇਗਾ, ਜਦ ਤੱਕ ਕਿ ਕੋਈ ਢੁੱਕਵਾਂ ਵਿਕਲਪ ਉਪਲਬਧ ਨਹੀਂ ਸੀ ਅਤੇ/ਜਾਂ ਉਤਪਾਦ ਨੂੰ ਜੀਵਨ ਰੱਖਿਅਕ ਮੰਨਿਆ ਜਾਂਦਾ ਸੀ।

## ਕੀ ਇਹਨਾਂ ਵੈਕਸੀਨਾਂ ਲਈ ਕੋਈ ਢੁੱਕਵੇਂ ਵਿਕਲਪ ਉਪਲਬਧ ਹਨ?

- MMR**:** ਯੂਕੇ ਵਿੱਚ ਦੋ ਕਿਸਮ ਦੀਆਂ MMR ਵੈਕਸੀਨਾਂ ਉਪਲਬਧ ਹਨ - MMR VaxPro® ਅਤੇ Priorix® । Priorix® ਵਿੱਚ ਜਿਲੇਟਿਨ ਨਹੀਂ ਹੈ ਅਤੇ ਇਹ MMR VaxPro® ਜਿੰਨੀ ਹੀ ਸੁਰੱਖਿਅਤ ਅਤੇ ਅਸਰਦਾਰ ਹੈ।
- **ਦੱਦ:** Zostavax® ਇਸ ਵੇਲੇ ਦੱਦਾਂ ਲਈ ਯੂਕੇ ਵਿੱਚ ਸਿਰਫ਼ ਇਹੀ ਇੱਕ ਵੈਕਸੀਨ ਉਪਲਬਧ ਹੈ।
- Fluenz® Tetra**:** ਸਿਹਤਮੰਦ ਬੱਚਿਆਂ ਲਈ, ਕੋਈ ਬਰਾਬਰ ਦੀ ਵੈਕਸੀਨ ਨਹੀਂ ਹੈ। ਟੀਕੇ ਰਾਹੀਂ ਲੱਗਣ ਵਾਲੀਆਂ ਕਈ ਵੈਕਸੀਨਾਂ ਹਨ, ਜਿਨ੍ਹਾਂ ਵਿੱਚ ਸੂਰ ਦੇ ਮਾਸ ਤੋਂ ਲਿਆ ਜਿਲੇਟਿਨ ਨਹੀਂ ਹੁੰਦਾ ਹੈ, ਪਰ ਇਹਨਾਂ ਦਾ ਬੱਚਿਆਂ ਤੇ Fluenz® Tetra ਜਿੰਨਾ ਅਸਰ ਹੋਣ ਦੀ ਉਮੀਦ ਨਹੀਂ ਹੈ। ਇਹ ਸ਼ਾਇਦ ਸਮਾਜ ਵਿੱਚ ਫਲੂ ਦੇ ਪਸਾਰ ਨੂੰ ਘਟਾਉਣ ਵਿੱਚ ਵੀ ਓਨੀ ਮਦਦ ਨਾ ਕਰਨ।

ਇਹ ਵੈਕਸੀਨਾਂ ਸਿਰਫ਼ ਉਹਨਾਂ ਬੱਚਿਆਂ ਅਤੇ ਵੱਡਿਆਂ ਲਈ ਪ੍ਰੋਗਰਾਮ ਦੇ ਹਿੱਸੇ ਵਜੋਂ ਹੀ ਸੁਝਾਈਆਂ ਜਾਂਦੀਆਂ ਹਨ, ਜਿਹਨਾਂ ਵਿੱਚ ਫਲੂ ਦੇ ਵਿਗੜਨ ਦਾ ਖਤਰਾ ਹੁੰਦਾ ਹੈ।

## ਜੇ ਲੋਕ ਆਪਣੇ ਜਾਂ ਆਪਣੇ ਬੱਚਿਆਂ ਲਈ ਪੋਰਸਿਨ ਜਿਲੇਟਿਨ ਵਾਲੀ ਵੈਕਸੀਨ ਨਾ ਲਗਾਉਣਾ ਚਾਹੁਣ, ਤਾਂ ਕੀ ਹੋਵੇਗਾ?

ਤੁਸੀਂ ਵੈਕਸੀਨ ਲਗਵਾਉਣੀ ਹੈ ਜਾਂ ਨਹੀਂ ਜਾਂ ਆਪਣੇ ਬੱਚੇ ਦੇ ਵੈਕਸੀਨ ਲਗਵਾਉਣੀ ਹੈ ਜਾਂ ਨਹੀਂ, ਇਹ ਅਖੀਰਲਾ ਫੈਸਲਾ ਤੁਹਾਡਾ ਆਪਣਾ ਹੈ। ਸੂਚਿਤ ਰਜ਼ਾਮੰਦੀ ਦੇਣ ਤੋਂ ਪਹਿਲਾਂ ਹੋ ਸਕਦਾ ਹੈ ਕਿ ਤੁਸੀਂ ਖੁਦ ਦੇ ਜਾਂ ਆਪਣੇ ਬੱਚੇ ਦੇ ਵੈਕਸੀਨ ਲਗਵਾਉਣ ਦੇ ਫਾਇਦੇ ਅਤੇ ਨੁਕਸਾਨਾਂ ਦੇ ਸਬੂਤ ਤੇ ਇੱਕ ਵਾਰੀ ਗੌਰ ਕਰਨਾ ਚਾਹੋ।

ਜਿਹੜੇ ਮਾਪੇ ਨਹੀਂ ਚਾਹੁੰਦੇ ਕਿ ਉਹਨਾਂ ਦੇ ਬੱਚੇ ਨੂੰ ਪੋਰਸਿਨ ਜਿਲੇਟਿਨ ਵਾਲੀ MMR ਵੈਕਸੀਨ ਲਗਾਈ ਜਾਵੇ, ਉਹਨਾਂ ਨੂੰ ਆਪਣੇ GP ਨੂੰ Priorix® ਵੈਕਸੀਨ ਲਗਾਉਣ ਦੀ ਬੇਨਤੀ ਕਰਨੀ ਚਾਹੀਦੀ ਹੈ। ਦੋ ਖੁਰਾਕਾਂ ਦਾ ਪੂਰਾ ਕੋਰਸ ਖਸਰੇ, ਕਨੇਡੂ ਅਤੇ ਰੂਬੇਲਾ ਦੇ ਖਤਰੇ ਤੋਂ ਸੁਰੱਖਿਆ ਦੇਵੇਗਾ। ਕਿਰਪਾ ਕਰਕੇ ਧਿਆਨ ਦਿਓ ਕਿ ਹੋ ਸਕਦਾ ਹੈ ਕਿ ਪ੍ਰੈਕਟੀਸ਼ਨਰ ਨੂੰ ਇਹ ਉਤਪਾਦ ਖਾਸ ਤੌਰ ਤੇ ਮੰਗਵਾਉਣਾ ਪਵੇ, ਇਸ ਲਈ ਮੁਲਾਕਾਤ ਨਿਰਧਾਰਤ ਕਰਨ ਤੋਂ ਪਹਿਲਾਂ ਉਹਨਾਂ ਨੂੰ ਆਪਣੇ ਵਿਚਾਰਾਂ ਬਾਰੇ ਦੱਸਣਾ ਚੰਗਾ ਰਹੇਗਾ।

ਜੇਕਰ ਤੁਹਾਡੇ ਬੱਚੇ ਨੂੰ ਕਿਸੇ ਅੰਦਰੂਨੀ ਸਿਹਤ ਸਥਿਤੀ ਕਰਕੇ ਫਲੂ ਹੋਣ ਦਾ ਖਤਰਾ ਜਿਆਦਾ ਹੈ, ਤਾਂ ਨੱਕ ਰਾਹੀਂ ਵੈਕਸੀਨ ਦੇਣ ਦਾ ਵਿਕਲਪ ਸਭ ਤੋਂ ਵਧੀਆ ਮੰਨਿਆ ਗਿਆ ਹੈ। ਜੇ ਉਹ ਨੱਕ ਰਾਹੀਂ ਸਪ੍ਰੇ ਨਹੀਂ ਕਰਾਉਣਾ ਚਾਹੁੰਦੇ ਜਾਂ ਕਿਸੇ ਡਾਕਟਰੀ ਸਥਿਤੀ ਕਰਕੇ ਨਹੀਂ ਕਰਵਾ ਸਕਦੇ, ਤਾਂ ਉਹਨਾਂ ਨੂੰ ਟੀਕੇ ਰਾਹੀਂ ਫਲੂ ਦੀ ਵੈਕਸੀਨ ਲਗਵਾਉਣੀ ਚਾਹੀਦੀ ਹੈ। ਜਿਹੜੇ ਬਾਲਗਾਂ ਨੂੰ ਫਲੂ ਹੋਣ ਦਾ ਖਤਰਾ ਜਿਆਦਾ ਹੁੰਦਾ ਹੈ, ਉਹਨਾਂ ਨੂੰ ਵੈਕਸੀਨ ਟੀਕੇ ਰਾਹੀਂ ਦਿੱਤੀ ਜਾਣੀ ਚਾਹੀਦੀ ਹੈ। ਜੇ ਤੁਹਾਡੇ ਬੱਚੇ ਨੂੰ ਫਲੂ ਤੋਂ ਉੱਚ ਜੋਖਮ ਨਹੀਂ ਹੈ ਅਤੇ ਤੁਸੀਂ ਡਾਕਟਰੀ ਉਤਪਾਦਾਂ ਵਿੱਚ ਸੂਰ ਦੇ ਜੈਲੇਟਿਨ ਦੀ ਵਰਤੋਂ ਨੂੰ ਸਵੀਕਾਰ ਨਹੀਂ ਕਰਦੇ ਹੋ, ਤਾਂ ਤੁਹਾਨੂੰ ਆਪਣੀ ਨਰਸ ਜਾਂ ਡਾਕਟਰ ਨਾਲ ਆਪਣੇ ਵਿਕਲਪਾਂ ਬਾਰੇ ਗੱਲ ਕਰਨੀ ਚਾਹੀਦੀ ਹੈ।

ਜਿਹੜੇ ਬੁਜ਼ੁਰਗ ਆਪਣੇ ਆਪ ਨੂੰ ਦੱਦ ਤੋਂ ਬਚਾਉਣਾ ਚਾਹੁੰਦੇ ਹਨ, ਉਹਨਾਂ ਲਈ ਇਸ ਵੇਲੇ Zostavax® ਦਾ ਕੋਈ ਵਿਕਲਪ ਉਪਲਬਧ ਨਹੀਂ ਹੈ।

**ਜੇ ਤੁਸੀਂ ਵੈਕਸੀਨਾਂ ਬਾਰੇ ਕੋਈ ਵੀ ਫੈਸਲਾ ਕਰਨ ਤੋਂ ਪਹਿਲਾਂ ਕਿਸੇ ਕਿਸਮ ਦੀ ਕੋਈ ਵਧੇਰੀ ਜਾਣਕਾਰੀ ਲੈਣਾ ਚਾਹੁੰਦੇ ਹੋ, ਤਾਂ ਤੁਸੀਂ ਆਪਣੇ ਡਾਕਟਰ ਜਾਂ ਪ੍ਰੈਕਟਿਸ ਨਰਸ ਨਾਲ ਗੱਲ ਕਰ ਸਕਦੇ ਹੋ। ਜੇ ਤੁਹਾਨੂੰ ਇਹ ਬਿਮਾਰੀਆਂ ਲੱਗਣ ਦਾ ਖਤਰਾ ਜਿਆਦਾ ਹੈ, ਤਾਂ ਇਹਨਾਂ ਬਿਮਾਰੀਆਂ ਤੋਂ ਬਚਾਉਣ ਵਾਲੀਆਂ ਵੈਕਸੀਨਾਂ ਲਗਵਾਉਣਾ ਖਾਸ ਤੌਰ ਤੇ ਜ਼ਰੂਰੀ ਹੋ ਜਾਂਦਾ ਹੈ।**

© Crown copyright 2020. ਪਬਲਿਕ ਹੈਲਥ ਇੰਗਲੈਂਡ ਵੱਲੋਂ ਅਗਸਤ 2015 ਵਿੱਚ pdf ਦੇ ਤੌਰ ਤੇ ਪ੍ਰਕਾਸ਼ਿਤ ਕੀਤੀ ਗਈ ਸੀ। ਪਬਲਿਕ ਹੈਲਥ ਇੰਗਲੈਂਡ ਗੇਟਵੇ ਨੰਬਰ 2022476. ਉਤਪਾਦ ਕੋਡ: 2020301A 1P OCT 2020 (APS). ਹੈਲਥ ਪਬਲੀਕੇਸ਼ਨ ਲਿੰਕ: www.healthpublications.gov.uk/Home.html ਅਤੇ ਪਰਚਿਆਂ, ਪੋਸਟਰਾਂ ਅਤੇ ਸਰੋਤਾਂ ਦੀਆਂ ਕਾਗਜ਼ੀ ਕਾਪੀਆਂ ਮੰਗਵਾਉਣ ਲਈ ਰਜਿਸਟਰ ਕਰੋ। ਅਨੁਵਾਦਾਂ ਸਮੇਤ, ਸਿਰਫ਼ ਡਿਜੀਟਲ ਰੂਪ ਵਾਲੇ ਸਰੋਤਾਂ ਦੀ ਵੀ ਇੱਕ ਸ਼੍ਰੇਣੀ ਹੈ, ਜਿਨ੍ਹਾਂ ਨੂੰ ਤੁਸੀਂ ਹੁਣ ਡਾਊਨਲੋਡ ਕਰ ਸਕਦੇ ਹੋ।